**ਪੰਜਾਬ ਸਕੂਲ ਸਿੱਖਿਆ ਬੋਰਡ**

**(ਗੁਪਤ ਸ਼ਾਖਾ)**

ਵੱਲ,

ਸਮੂਹ ਜ਼ਿਲਾ ਸਿੱਖਿਆ ਅਫਸਰ(ਐਲੀਮੈਂਟਰੀ)

ਕਲੱਸਟਰ ਹੈੱਡ/ਸਕੂਲ ਮੁੱਖੀ

..........................................

ਨੰ.ਪਸਸਬ-(ਸਸ-ਗੁਪਤ)2024/...166 ਮਿਤੀ...06-03-2024

**ਵਿਸ਼ਾ- ਪੰਜਵੀਂ ਸ਼੍ਰੇਣੀ ਮਾਰਚ 2024 ਦੀਆਂ ਉੱਤਰ-ਪੱਤਰੀਆਂ ਦੀ ਮਾਰਕਿੰਗ ਕਰਵਾਉਣ ਲਈ ਹਦਾਇਤਾਂ ਸਬੰਧੀ।**

1 ਉੱਤਰ-ਪੱਤਰੀਆਂ ਦੀ ਮਾਰਕਿੰਗ ਸਰਕਾਰੀ, ਏਡਿਡ ਅਤੇ ਐਫੀਲੀਏਟਿਡ ਸਕੂਲਾਂ ਦੇ ਰੈਗੂਲਰ ਅਧਿਆਪਕਾਂ ਪਾਸੋਂ ਕਰਵਾਈ ਜਾਵੇ। ਉੱਤਰ-ਪੱਤਰੀਆਂ ਮਾਰਕ ਕਰਨ ਵਾਲੇ ਸਾਰੇ ਅਧਿਆਪਕ ਸਬੰਧਤ ਸਕੂਲਾਂ ਵੱਲੋਂ ਡਿਊਟੀ ਤੇ ਸਮਝੇ ਜਾਣਗੇ। ਜਿਸ ਸਕੂਲ ਵਿੱਚ ਮਾਰਕਿੰਗ ਸਬੰਧੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਕਲੱਸਟਰ ਹੈਡ/ਸੈਂਟਰ ਹੈਡ ਟੀਚਰ ਆਪਣੇ ਪੱਧਰ ਤੇ ਬਦਲਵਾਂ ਪ੍ਰਬੰਧ ਕਰਨਗੇ। ਜੇਕਰ ਕੋਈ ਅਧਿਆਪਕ ਬਿਮਾਰੀ ਦੀ ਹਾਲਤ ਵਿੱਚ ਡਿਊਟੀ ਨਹੀ ਦੇ ਸਕਦਾ ਤਾਂ ਉਸ ਸਬੰਧੀ ਘੱਟੋ-ਘੱਟ ਸੀ.ਐਮ.ਓ ਪੱਧਰ ਦਾ ਮੈਡੀਕਲ ਸਰਟੀਫਿਕੇਟ ਮੰਨਿਆ ਜਾਵੇਗਾ।

2 ਪੰਜਵੀਂ ਸ਼੍ਰੇਣੀ ਦੇ ਸੈਲਫ ਸੈਂਟਰ ਬਣਾਏ ਗਏ ਹਨ। ਜਿਹਨਾਂ ਵਿੱਚ ਸਟਾਫ ਨੂੰ ਜ਼ਿਲਾ ਸਿੱਖਿਆ ਅਫਸਰ (ਐਲੀਮੈਟਰੀ)/ਕਲੱਸਟਰ ਹੈਡ ਵੱਲੋਂ Shuffle ਕਰਕੇ ਭਾਵ ਏ ਤੋਂ ਬੀ,ਬੀ ਤੋਂ ਸੀ ਅਤੇ ਸੀ ਤੋਂ ਏ ਕਰਕੇ ਲਗਾਇਆ ਜਾਵੇਗਾ। ਮਾਰਕਿੰਗ ਦਾ ਸਮੁੱਚਾ ਕੰਮ ਕਲੱਸਟਰ ਹੈੱਡ/ਸੈਂਟਰ ਹੈੱਡ ਟੀਚਰ ਦੀ ਨਿਗਰਾਨੀ ਹੇਠ ਨੇਪਰੇ ਚੜਾਇਆ ਜਾਵੇਗਾ। ਇਹ ਸਟਾਫ ਹੀ ਆਪਣੇ-ਆਪਣੇ ਕੇਂਦਰ ਦੀਆਂ ਉੱਤਰ-ਪੱਤਰੀਆਂ ਦੇ ਅੰਕ ਸਕੂਲ ਲਾਗਇੰਨ ਆਈ ਡੀ (School Login id) ਤੇ ਅਪਲੋਡ ਕਰੇਗਾ। ਹਸਤਾਖਰ ਚਾਰਟ ਕੇਂਦਰ ਪੱਧਰ ਤੇ ਰੱਖੇ ਜਾਣ ਅਤੇ ਐਬਸੈਂਟੀ (absentee) ਸਕੂਲ ਲਾਗਇੰਨ ਆਈ ਡੀ ਤੇ ਅਪਲੋਡ ਕੀਤੀ ਜਾਵੇ।

3. ਉੱਤਰ- ਪੱਤਰੀਆਂ ਦਾ ਮਾਰਕਿੰਗ ਲਈ ਕੋਈ ਵਾਧੂ ਅਦਾਇਗੀ ਨਹੀਂ ਕੀਤੀ ਜਾਵੇਗੀ। ਮਾਰਕਿੰਗ ਦਾ ਕਾਰਜ ਅਧਿਆਪਕਾਂ ਅਤੇ ਕਰਮਚਾਰੀਆਂ ਵੱਲੋਂ ਆਪਣੀ ਮੁੱਢਲੀ ਡਿਊਟੀ ਸਮਝ ਕੇ ਕੀਤਾ ਜਾਵੇਗਾ।

4. ਪ੍ਰੀਖਿਅਕ ਉੱਤਰ-ਪੱਤਰੀਆਂ ਤੇ ਪੂਰੇ ਹਸਤਾਖਰ ਕਰਨਗੇ ਅਤੇ ਬਚਦੇ ਖਾਲੀ ਪੰਨਿਆ ਤੇ(x) ਕਰਾਸ ਦਾ ਨਿਸ਼ਾਨ ਲਗਾਉਣਗੇ।

5. ਪੰਜਵੀਂ ਸ਼੍ਰੇਣੀ ਦੀ ਲਿਖਤੀ ਪ੍ਰੀਖਿਆਵਾਂ ਦੇ ਵਿਸ਼ੇਵਾਰ ਅੰਕ ਸਕੂਲ ਲਾਗ ਇੰਨ ਆਈ.ਡੀ (School Login id) ਤੇ ਅਪਲੋਡ ਕੀਤੇ ਜਾਣਗੇ ।

6. ਮਾਰਕ ਕੀਤੀਆਂ ਉੱਤਰ-ਪੱਤਰੀਆਂ ਦੇ ਅਪਲੋਡ ਕੀਤੇ ਅੰਕਾਂ ਦੇ ਸਮੁੱਚੇ ਰਿਕਾਰਡ ਦੀ ਪੀ.ਡੀ.ਐਫ. ਫਾਇਲ ਜਾਂ ਹਾਰਡ ਕਾਪੀ ਕਲੱਸਟਰ ਹੈੱਡ/ਸੈਟਰ ਹੈੱਡ ਟੀਚਰ ਵੱਲੋਂ ਆਪਣੇ ਪੱਧਰ ਤੇ ਰੱਖੀ ਜਾਵੇ।

7. ਮਾਰਕਿੰਗ ਸਬੰਧੀ ਜੇਕਰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਸ ਨੂੰ Query Portal ਰਾਹੀਂ ਅਪਲੋਡ ਕੀਤਾ ਜਾਵੇ ਅਤੇ Query Portal ਰਾਹੀਂ ਹੀ ਇਸ ਦਾ ਨਿਪਟਾਰਾ ਕੀਤਾ ਜਾਵੇਗਾ।

8. ਪੰਜਵੀਂ ਸ਼੍ਰੇਣੀ ਦੇ ਜੇਕਰ ਕਿਸੇ ਸੈਂਟਰ ਵਿੱਚ ਜਿਆਦਾ ਪ੍ਰੀਖਿਆਰਥੀ ਅਪੀਅਰ ਹੋ ਰਹੇ ਹੋਣ ਤਾਂ ਜ਼ਿਲਾ ਸਿੱਖਿਆ ਅਫਸਰ(ਐਲੀਮੈਂਟਰੀ) ਦੇ ਸਹਿਯੋਗ ਨਾਲ ਕਲੱਸਟਰ ਹੈੱਡ /ਸੈਂਟਰ ਹੈੱਡ ਟੀਚਰ ਆਪਣੇ ਪੱਧਰ ਤੇ ਹੀ ਢੁੱਕਵਾਂ ਪ੍ਰਬੰਧ ਕਰੇਗਾ।

9. ਪੰਜਵੀਂ ਸ਼੍ਰੇਣੀ ਦੀਆਂ ਹੱਲ ਹੋਈਆ ਉੱਤਰ-ਪੱਤਰੀਆਂ ਅਤੇ ਹਸਤਾਖਰ ਚਾਰਟ ਵੱਖਰੇ ਤੌਰ ਤੇ ਕਲੱਸਟਰ ਹੈਡ/ਸੈਂਟਰ ਹੈਡ ਟੀਚਰ ਵੱਲੋਂ ਆਪਣੇ ਪੱਧਰ ਤੇ ਹੀ ਰੱਖੀਆਂ ਜਾਂਣ ਤਾਂ ਜੋਂ ਇਹਨਾਂ ਦੇ ਅੰਕਾਂ ਦੀ ਤਰੁੱਟੀ/ਰੀਚੈਕਿੰਗ/ਆਰ.ਟੀ.ਆਈ/ਕੋਰਟ ਕੇਸ ਜਾਂ ਕਿਸੇ ਹੋਰ ਕਾਰਨ ਕਰਕੇ ਜੇਕਰ ਦਫਤਰ ਨੂੰ ਉੱਤਰ-ਪੱਤਰੀਆਂ ਦੀ ਲੋੜ ਪੈਂਦੀ ਹੈ ਤਾਂ ਇਹਨਾਂ ਉੱਤਰ-ਪੱਤਰੀਆਂ ਨੂੰ ਮੰਗਵਾਇਆ ਜਾ ਸਕੇ। ਇਹਨਾਂ ਉੱਤਰ-ਪੱਤਰੀਆਂ ਨੂੰ ਦਫਤਰ ਵੱਲੋਂ ਰੱਦੀ ਕਰਾਰ ਦੇਣ ਉਪਰੰਤ ਉੱਤਰ ਪੱਤਰੀਆਂ ਇਕੱਤਰ ਕਰਨ ਦੀ ਜਗਾ ਦੱਸੀ ਜਾਵੇਗੀ।

10. ਪੰਜਵੀਂ ਸ਼੍ਰੇਣੀ ਦੇ ਵਿਲੱਖਣ ਸਮਰੱਥਾ (DA) ਵਾਲੇ ਸਮੂਹ ਕੈਟਾਗਿਰੀ ਦੇ ਵਿਦਿਆਰਥੀ ਨੂੰ ਬੋਰਡ ਪ੍ਰੀਖਿਆ ਤੋਂ ਛੋਟ ਦਿੱਤੀ ਗਈ ਹੈ। ਜਿਸ ਦੀ ਲੋਅ ਵਿੱਚ ਇਹਨਾਂ ਪ੍ਰੀਖਿਆਰਥੀਆਂ ਦੀ ਸਲਾਨਾ ਪ੍ਰੀਖਿਆ ਸਕੂਲ ਪੱਧਰ ਤੇ ਲਈ ਜਾਵੇਗੀ। ਸਬੰਧਤ ਸਕੂਲ ਵੱਲੋਂ ਇਨਾਂ ਵਿਦਿਆਰਥੀਆਂ ਦੇ ਵਿਸ਼ਾਵਾਰ ਪ੍ਰਾਪਤ ਅੰਕਾ ਨੂੰ ਸਕੂਲ ਲੋਗ ਇਨ ਆਈ.ਡੀ ਵਿੱਚ ਆਨ ਲਾਇਨ ਐਂਟਰ ਕੀਤਾ ਜਾਵੇਗਾ।

5/3/24

ਸਹਾਇਕ ਸਕੱਤਰ(ਗੁਪਤ)